# India - Russia Consultations on UNSC Issues

February 17, 2021

---

# ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਨਾਲ ਜੁੜੇ ਮੁੱਦਿਆਂ 'ਤੇ ਭਾਰਤ - ਰੂਸ ਦਰਮਿਆਨ ਸਲਾਹ-ਮਸ਼ਵਰਾ

17 ਫਰਵਰੀ, 2021

1. ਭਾਰਤ ਅਤੇ ਰੂਸ ਦਰਮਿਆਨ 16 ਫਰਵਰੀ, 2021 ਨੂੰ ਮਾਸਕੋ ਵਿਖੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਨਾਲ ਜੁੜੇ ਮੁੱਦਿਆਂ 'ਤੇ ਡਾਇਰੈਕਟਰ ਜਨਰਲ ਪੱਧਰ ਦੇ ਦੁਵੱਲੇ ਵਿਚਾਰ ਵਟਾਂਦਰੇ ਹੋਏ।

2. ਰੂਸੀ ਵਫਦ ਦੀ ਅਗਵਾਈ ਰੂਸੀ ਸੰਘ ਦੇ ਵਿਦੇਸ਼ ਮੰਤਰਾਲੇ ਦੇ ਅੰਤਰਰਾਸ਼ਟਰੀ ਸੰਗਠਨ ਵਿਭਾਗ ਦੇ ਡਾਇਰੈਕਟਰ ਸ਼੍ਰੀ ਪੀਟਰ ਆਈਲਿਸੇਵ ਨੇ ਕੀਤੀ। ਸਾਂਝਾ ਸੱਕਤਰ (UNP ਅਤੇ ਸਿਖਰ ਸੰਮੇਲਨ) ਸ਼੍ਰੀ ਪ੍ਰਕਾਸ਼ ਗੁਪਤਾ ਨੇ ਮਾਸਕੋ ਵਿੱਚ ਭਾਰਤੀ ਦੂਤਾਵਾਸ ਦੇ ਅਧਿਕਾਰੀਆਂ ਨਾਲ ਮਿਲਕੇ ਭਾਰਤੀ ਵਫਦ ਦੀ ਅਗਵਾਈ ਕੀਤੀ।

3. ਦੋਵਾਂ ਪੱਖਾਂ ਨੇ ਸੰਯੁਕਤ ਰਾਸ਼ਟਰ ਨਾਲ ਜੁੜੇ ਮੁੱਦਿਆਂ 'ਤੇ ਚੱਲ ਰਹੀ ਦੋ-ਪੱਖੀ ਗੱਲਬਾਤ ਦੀ ਸ਼ਲਾਘਾ ਕੀਤੀ, ਜਿਸ ਵਿਚ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੇ ਏਜੰਡੇ 'ਤੇ ਵੱਖ-ਵੱਖ ਮੁੱਦਿਆਂ 'ਤੇ ਗੱਲਬਾਤ ਵੀ ਸ਼ਾਮਲ ਹਨ। ਭਾਰਤੀ ਵਫਦ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਅੰਦਰ ਆਪਣੇ ਕਾਰਜਕਾਲ ਦੌਰਾਨ ਭਾਰਤ ਦੀਆਂ ਤਰਜੀਹਾਂ ਬਾਰੇ ਰੂਸੀ ਪੱਖ ਨੂੰ ਦੱਸਿਆ। ਦੋਵਾਂ ਧਿਰਾਂ ਨੇ ਆਪਣੀ ਵਿਸ਼ੇਸ਼ ਰਣਨੀਤਕ ਭਾਈਵਾਲੀ ਦੇ ਮੱਦੇਨਜ਼ਰ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੇ ਏਜੰਡੇ ਅੰਦਰ ਮੁੱਖ ਮੁੱਦਿਆਂ ਉੱਤੇ ਮਿਲਜੁਲ ਕੇ ਕੰਮ ਕਰਨ ਉੱਤੇ ਸਹਿਮਤੀ ਪ੍ਰਗਟਾਈ।

ਨਵੀਂ ਦਿੱਲੀ

17 ਫਰਵਰੀ, 2021

DISCLAIMER: This is an approximate translation. The original is available in English on MEA's website and may be referred to as the official press release.